Digitized by KMV College Library, Jalandhar

**Exam Code: 216501** **Paper Code: 8268 (30)**

**Programme :. M.A.(Punjabi) Sem-I**

**Course Title: GURMAT KAV**

# ਗੁਰਮਤਿ ਕਾਵਿ

**Course Code: MPBL-1421**

**Time Allowed: 3 Hours** **MaxMarks: 64**

ਅੰਕ ਅਤੇ ਹਦਾਇਤਾਂ

ਪ੍ਰਸ਼ਨ-ਪੱਤਰ ਦੇ ਪੰਜ ਯੂਨਿਟ ਹਨ। ਪਹਿਲੇ ਯੂਨਿਟ ਵਿਚ 10 ਛੋਟੇ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। 08 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ 02 ਅੰਕ ਦਾ ਹੈ। ਯੂਨਿਟ 2, 3, 4 ਅਤੇ 5 ਵਿਚੋਂ 12-12 ਅੰਕਾਂ ਦੇ ਅੱਠ ਪ੍ਰਸ਼ਨ ਪੁੱਛੇ ਜਾਣਗੇ। ਹਰ ਯੂਨਿਟ ਵਿਚੋਂ ਇਕ ਪ੍ਰਸ਼ਨ ਕਰਨਾਂ ਲਾਜ਼ਮੀ ਹੈ।

ਯੂਨਿਟ - 1

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸੰਕਲਨ ਬਾਰੇ ਜਾਣਕਾਰੀ ਦਿਓ।

2. 'ਆਸਾ ਦੀ ਵਾਰ' ਵਿਚ 'ਆਸਾ' ਅਤੇ 'ਵਾਰ' ਤੋਂ ਕੀ ਭਾਵ ਹੈ।

3. ਸਲੋਕ ਦੀ ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਮਹੱਤਤਾ ਸਪੱਸ਼ਟ ਕਰੋ।

4. ਗੁਰਮਤਿ ਕਾਵਿ ਤੋਂ ਕੀ ਭਾਵ ਹੈ, ਸਪੱਸ਼ਟ ਕਰੋ।



कन्या महा विद्यालय पुस्तकालय
जालन्धर शहर

Digitized by KMV College Library, Jalandhar

5. ਅਸ਼ਟਪਦੀ ਤੋਂ ਕੀ ਭਾਵ ਹੈ, ਕਿਸੇ ਬਾਣੀ ਦਾ ਨਾਮ ਲਿਖੋ ਜਿਸ ਵਿਚ ਅਸ਼ਟਪਦੀ ਦੀ ਵਰਤੋਂ ਹੋਈ ਹੋਵੇ।

6. ਕਿਸ ਗੁਰੂ ਸਾਹਿਬ ਦੀ ਬਾਣੀ ਰਾਗ ਜੈਜੈਵੰਤੀ ਵਿਚ ਹੈ ?

7. ਗੁਰਮਤਿ ਕਾਵਿ ਸ਼ਾਸਤਰ ਦੀ ਸ਼ਾਬਦਿਕ ਵਿਆਖਿਆ ਸਪੱਸ਼ਟ ਕਰੋ।

8. 'ਰਹਾਉ' ਤੋਂ ਕੀ ਭਾਗ ਹੈ ?

9. 'ਰਾਗਮਾਲਾ' ਬਾਣੀ ਦਾ ਵਿਸ਼ਾ ਕੀ ਹੈ ?

10. ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਗੁਰੂ ਸਾਹਿਬਾਨ ਅਤੇ ਭਗਤਾਂ, ਭੱਟਾਂ ਦੀ ਬਾਣੀ ਦਰਜ ਹੈ ?

(08x02=16) ਅੰਕ

### ਯੂਨਿਟ – 2

1. ਗੁਰਮਤਿ ਸਾਹਿਤ ਨਾਲ ਸੰਬੰਧਿਤ ਕੋਈ ਪੰਜ ਮੂਲ ਸੰਕਲਪਾਂ ਦੀ ਵਿਆਖਿਆ ਉਦਾਹਰਣਾਂ ਸਹਿਤ ਕਰੋ।

ਜਾਂ

ਗੁਰਬਾਣੀ ਵਿਚ ਆਏ ਭਿੰਨ-ਭਿੰਨ ਕਾਵਿ ਰੂਪਾਂ ਦੀ ਵਿਸਥਾਰ ਸਹਿਤ ਚਰਚਾ ਕਰੋ। (12)

### ਯੂਨਿਟ – 3

2. ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀਆਂ ਬਾਰੇ ਦੱਸਦੇ ਹੋਏ ਗੁਰੂ ਸਾਹਿਬ ਦਾ ਬਿੰਬ ਉਸਾਰੋ।

ਜਾਂ



'ਆਸਾ ਦੀ ਵਾਰ' ਦਾ ਸਮਾਜ-ਸਭਿਆਚਾਰਕ ਪਰਿਪੇਖ ਵਿਚ ਅਧਿਐਨ ਲਿਖੋ। (12)

### ਯੂਨਿਟ – 4

3. 'ਸੁਖਮਨੀ' ਬਾਣੀ ਵਿਚ ਪੇਸ਼ ਹੋਈ ਜੀਵਨ ਜਾਚ ਨੂੰ ਬਾਣੀ ਦੀਆਂ ਪੰਕਤੀਆਂ ਸਹਿਤ ਸਪੱਸ਼ਟ ਕਰੋ।

ਜਾਂ

'ਸੁਖਮਨੀ' ਬਾਣੀ ਵਿਚ ਪੇਸ਼ ਹੋਏ ਮੂਲ ਸੰਕਲਪਾਂ ਦੀ ਉਦਾਹਰਣਾਂ ਸਹਿਤ ਵਿਆਖਿਆ ਕਰੋ। (12)

### ਯੂਨਿਟ – 5

4. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਣੀ ਵਿਚ ਪੇਸ਼ ਹੋਏ ਮੌਤ ਦੇ ਸੰਕਲਪ ਨੂੰ ਬਿਆਨ ਕਰੋ

ਜਾਂ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ ਸਲੋਕ ਕਾਵਿ-ਰੂਪ ਦੀ ਵਿਆਖਿਆ ਕਰੋ। (12)

Digitized by KMV College Library, Jalandhar

Exam Code : 216501

Paper Code : 8269 (30)

Programme : M.A.(Punjabi) Sem-I

# Course Title : PUNJABI SUFI KAV

# ਪੰਜਾਬੀ ਸੂਫ਼ੀ ਕਾਵ

Course Code : MPBL-1422

Time Allowed : 3 Hours

Max Marks : 64

**ਨੋਟ** : ਇਸ ਪ੍ਰਸ਼ਨ-ਪੱਤਰ ਦੇ ਪੰਜ ਭਾਗ A,B,C,D,E ਹਨ। ਭਾਗ A ਵਿਚੋਂ ਪੁੱਛੇ ਗਏ 10 ਪ੍ਰਸ਼ਨਾਂ ਵਿਚੋਂ 8 ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦਾ ਜਵਾਬ 50 ਸ਼ਬਦਾਂ ਦੇ ਕਰੀਬ ਦੇਣਾ ਹੈ ਅਤੇ ਹਰ ਪ੍ਰਸ਼ਨ ਦੇ 2 ਅੰਕ ਹਨ। ਭਾਗ B,C,D ਅਤੇ E ਵਿਚ ਪੁੱਛੇ ਗਏ 2-2 ਪ੍ਰਸ਼ਨਾਂ ਵਿਚੋਂ 1 ਪ੍ਰਸ਼ਨ ਕਰਨਾ ਜ਼ਰੂਰੀ ਹੈ। ਹਰ ਪ੍ਰਸ਼ਨ ਦੇ 12 ਅੰਕ ਹਨ।

## ਭਾਗ-A

1. ਸੂਫ਼ੀ ਕਵੀਆਂ ਦੁਆਰਾ ਵਰਤੇ ਚਾਰ ਕਾਵਿ-ਰੂਪਾਂ ਦੇ ਨਾਮ ਲਿਖੋ।
2. ਸੂਫ਼ੀ ਕਵੀਆਂ ਨੇ ਕਿਹੜੇ ਕਿਹੜੇ ਸਥਾਨਕ ਚਿਨ੍ਹਾਂ ਦੀ ਵਰਤੋਂ ਕੀਤੀ ?
3. ਬਾਬਾ ਫ਼ਰੀਦ ਅਤੇ ਬੁਲ੍ਹੇ ਸ਼ਾਹ ਕ੍ਰਮਵਾਰ ਕਿਸ ਸੂਫ਼ੀ ਸੰਪ੍ਰਦਾਇ ਨਾਲ ਸੰਬੰਧਿਤ ਸਨ ?
4. ਕਿਸ ਵਿਦਵਾਨ ਨੇ ਕਿਸ ਸੂਫ਼ੀ ਕਵੀ ਨੂੰ ਪੰਜਾਬੀ ਦਾ ਚਾਸਰ (Chaucer) ਕਿਹਾ ਹੈ ?
5. ਫ਼ਰੀਦ ਬਾਣੀ ਦੇ ਚਾਰ ਮੁੱਖ ਥੀਮਿਕ ਆਧਾਰ ਦੱਸੋ।
6. ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਜੀ ਦੇ ਸਲੋਕਾਂ ਦੇ ਨਾਲ ਕਿਹੜੇ ਕਿਹੜੇ ਗੁਰੂ ਸਾਹਿਬਾਨ ਦੇ ਸਲੋਕ ਦਰਜ ਹਨ ?
7. ਕਾਫ਼ੀ ਕਾਵਿ-ਰੂਪ ਦੀ ਪਰਿਭਾਸ਼ਾ ਦਿਉ।
8. ਰਹੱਸਵਾਦ ਤੋਂ ਕੀ ਭਾਵ ਹੈ ?
9. ਸੂਫ਼ੀਵਾਦ ਨਾਲ ਸੰਬੰਧਿਤ ਚਾਰ ਪੁਸਤਕਾਂ ਦੇ ਨਾਮ ਲਿਖੋ।
10. ਇਸਲਾਮੀ ਅਕੀਦੇ ਅਨੁਸਾਰ 'ਜ਼ਕਾਤ' ਤੋਂ ਕੀ ਅਰਥ ਹੈ ? 8×2=16

## ਭਾਗ-B

1. ਪੰਜਾਬੀ ਸੂਫ਼ੀਮਤ ਦੀ ਉਤਪਤੀ ਅਤੇ ਵਿਕਾਸ ਬਾਰੇ ਵਿਸਤ੍ਰਿਤ ਚਰਚਾ ਕਰੋ।
2. ਸੂਫ਼ੀਮਤ ਦੀ ਵਿਚਾਰਧਾਰਾ ਬਾਰੇ ਚਰਚਾ ਕਰਦੇ ਹੋਏ ਇਸਦੀ ਵਿਲੱਖਣਤਾ ਦਰਸਾਓ। 12×1=12



कन्या महा विद्यालय पुस्तकालय
जालन्धर शहर

Digitized by KMV College Library, Jalandhar

### ਭਾਗ–C

1. ਬਾਬਾ ਫ਼ਰੀਦ ਪਹਿਲੇ ਪੜਾਅ ਦਾ ਸੂਫ਼ੀ ਕਵੀ ਹੈ, ਵਿਚਾਰ ਕਰੋ।
2. ਬਾਬਾ ਫ਼ਰੀਦ ਦੀ ਕਾਵਿ-ਕਲਾ ਤੇ ਨੋਟ ਲਿਖੋ। 12×1=12

### ਭਾਗ–D

1. ਸ਼ਾਹ ਹੁਸੈਨ ਦੇ ਸੂਫ਼ੀ-ਅਨੁਭਵ ਬਾਰੇ ਵਿਚਾਰ ਕਰੋ।
2. ਸ਼ਾਹ ਹੁਸੈਨ ਦੀ ਪ੍ਰਗੀਤਕ-ਸੰਵੇਦਨਾ ਤੇ ਨੋਟ ਲਿਖੋ। 12×1=12

### ਭਾਗ– E

1. ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਇਸ਼ਕ ਦੇ ਸਰੂਪ ਬਾਰੇ ਚਰਚਾ ਕਰੋ।
2. ਬੁੱਲ੍ਹੇ ਸ਼ਾਹ ਦੀ ਕਾਫ਼ੀ-ਕਲਾ 'ਤੇ ਨੋਟ ਲਿਖੋ। 12×1=12

Digitized by KMV College Library, Jalandhar

Exam Code: 216501 Paper Code: 8270 (30)

Programme :. M.A.(Punjabi) Sem-I

Course Title: SAHIT SIDHANNT ATE KAV SHASTAR

ਸਾਹਿਤ ਸਿਧਾਂਤ ਅਤੇ ਕਾਵਿ ਸ਼ਾਸਤਰ

Course Code: MPBL-1423

Time Allowed: 3 Hours Max Marks: 64

ਨੋਟ : ਪ੍ਰਸ਼ਨ-ਪੱਤਰ ਦੇ ਪੰਜ ਭਾਗ ਹਨ। ਪਹਿਲੇ ਭਾਗ ਵਿਚ ਦਸ ਪ੍ਰਸ਼ਨਾਂ ਵਿਚੋਂ ਅੱਠ ਪ੍ਰਸ਼ਨਾਂ ਦਾ ਉੱਤਰ ਦੇਣਾ ਹੈ। ਉੱਤਰ 50 ਸ਼ਬਦਾਂ ਤਕ ਹੀ ਹੋਵੇ। ਪ੍ਰਸ਼ਨ-ਪੱਤਰ ਦੇ ਭਾਗ - ਅ, ੲ, ਸ ਅਤੇ ਹ ਵਿਚ ਹਰ ਯੂਨਿਟ ਵਿਚੋਂ ਇਕ-ਇਕ ਪ੍ਰਸ਼ਨ ਕਰਨਾ ਹੈ। ਹਰ ਪ੍ਰਸ਼ਨ ਦੇ ਅੰਕ 12 ਹਨ।

(ਭਾਗ - ੳ)

1. ਕਿਸੇ ਅੱਠ ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿਚ ਦਿਉ।

(ੳ) ਸਾਹਿਤ ਤੇ ਸਮਾਜ ਦੇ ਸੰਬੰਧ ਬਾਰੇ ਦੱਸੋ।

(ਅ) ਸਾਹਿਤ ਸਮਾਲੋਚਨਾ ਤੋਂ ਕੀ ਭਾਵ ਹੈ ?

(ੲ) ਰਹੱਸਵਾਦ ਦੀ ਪਰਿਭਾਸ਼ਾ ਲਿਖੋ।

(ਸ) ਯਥਾਰਥਵਾਦੀ ਸਾਹਿਤ ਦੇ ਚਾਰ ਲੱਛਣ ਦੱਸੋ।

(ਹ) ਧੁਨੀ ਅਚਾਰੀਆਂ ਨੇ ਸ਼ਬਦ ਦੇ ਕਿਹੜੇ ਭੇਦ ਕੀਤੇ ਹਨ ?



कन्या महा विद्यालय पुस्तकालय
जालन्धर शहर

Digitized by KMV College Library, Jalandhar

(ਕ) 'ਉਪਮਾ' ਅਲੰਕਾਰ ਦੀ ਉਦਾਹਰਣ ਸਹਿਤ ਵਿਆਖਿਆ ਕਰੋ।

8ਘ12=16

(ਖ) ਵਿਰੇਚਣ ਦੇ ਸੰਕਲਪ ਨੂੰ ਸਪੱਸ਼ਟ ਕਰੋ।

(ਗ) ਉਦਾਤ ਦੇ ਪੰਜ ਗੁਣ ਕਿਹੜੇ ਹਨ ?

(ਘ) ਸ਼ਖ਼ਸੀਅਤ ਦਾ ਸਾਹਿਤ ਉਤੇ ਕੀ ਪ੍ਰਭਾਵ ਹੁੰਦਾ ਹੈ ?

(ਙ) ਸਿੰਗਾਰ ਰਸ ਦੀ ਉਦਾਹਰਣ ਦਿਉ।

(ਭਾਗ – ਅ)

2. ਸਾਹਿਤ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਬਾਰੇ ਚਾਨਣਾ ਪਾਉ 12

ਜਾਂ

ਮੈਟਾ–ਆਲੋਚਨਾ ਤੋਂ ਕੀ ਭਾਵ ਹੈ ? ਮੈਟਾ–ਆਲੋਚਨ ਵਿਚ ਕੀ ਗੁਣ ਹੋਣੇ ਚਾਹੀਦੇ ਹਨ ?

(ਭਾਗ – ੲ)

3. ਸਨਾਤਨਵਾਦ ਦੇ ਅਰਥ ਨੂੰ ਖੋਲਦੇ ਹੋਏ ਸਨਾਤਨਵਾਦੀ ਸਾਹਿਤ ਦੇ ਪ੍ਰਮੁੱਖ ਲੱਛਣਾਂ ਉਤੇ ਚਾਨਣਾ ਪਾਉ। 12

ਜਾਂ

ਰੁਮਾਂਸਵਾਦ ਤੋਂ ਕੀ ਭਾਵ ਹੈ। ਰੁਮਾਂਸਵਾਦ ਦੇ ਪ੍ਰਮੁੱਖ ਲੱਛਣ ਕਿਹੜੇ ਹਨ ?



(ਭਾਗ – ਸ)

4. ਮਹਾਂਕਾਵਿ ਦੇ ਸਰੂਪ ਉਤੇ ਚਰਚਾ ਕਰਦੇ ਹੋਏ ਸੰਸਕ੍ਰਿਤ ਅਚਾਰੀਆਂ ਨੇ ਮਹਾਂਕਾਵਿ ਦੇ ਜੋ ਗੁਣ ਦੱਸੇ ਹਨ, ਉਨ੍ਹਾਂ ਬਾਰੇ ਲਿਖੋ। 12

ਜਾਂ

ਭਾਰਤੀ ਰਸ ਅਚਾਰੀਆਂ ਨੇ ਰਸ ਸਿਧਾਂਤ ਬਾਰੇ ਚਰਚਾ ਕਰਦੇ ਹੋਏ ਇਸ ਦੀ ਨਿਸ਼ਪਤੀ ਕਿਵੇਂ ਮੰਨੀ ਹੈ ?

(ਭਾਗ – ਹ)

5. ਅਰਸਤੂ ਦੇ ਤ੍ਰਾਸ ਦੀ ਸਿਧਾਂਤ ਦੀ ਚਰਚਾ ਕਰਦੇ ਹੋਏ ਇਸੇ ਪ੍ਰਮੁੱਖ ਅੰਗਾਂ ਬਾਰੇ ਲਿਖੋ। 12

ਜਾਂ

ਅਰਸਤੂ ਦੇ ਅਨੁਕਰਣ ਸਿਧਾਂਤ ਬਾਰੇ ਚਰਚਾ ਹੋਏ ਉਸ ਦੁਆਰਾ ਅਨੁਕਰਣ ਦੇ ਤਿੰਨ ਰੂਪਾਂ ਬਾਰੇ ਵੀ ਚਾਨਣਾ ਪਾਉ।

Digitized by KMV College Library, Jalandhar

ਕੰਨਿਆ ਮਹਾ ਵਿਦਿਆਲਯ ਪੁਸਤਕਾਲਯ
ਜਲੰਧਰ ਸ਼ਹਿਰ

**Exam Code: 216501** **Paper Code: 8271 (30)**

**Programme :. M.A.(Punjabi) Sem-I**

**Course Title: LOKDHARA ATE PUNJABI LOKDHARA**

# ਲੋਕਧਾਰਾ ਅਤੇ ਪੰਜਾਬੀ ਲੋਕਧਾਰਾ

**Course Code: MPBL-1424**

**Time Allowed: 3 Hours** **MaxMarks: 64**

(ਭਾਗ – ੳ)

ਪ੍ਰਸ਼ਨ 1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਅੱਠ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

(ੳ) 'ਲੋਕਧਾਰਾ' ਲਈ ਕਿਹੜੇ ਕਿਹੜੇ ਸ਼ਬਦ ਵਰਤੇ ਜਾਂਦੇ ਹਨ ?

(ਅ) ਲੋਕਧਾਰਾ ਸ਼ਾਸਤਰ ਤੋਂ ਕੀ ਭਾਵ ਹੈ ?

(ੲ) ਆਧੁਨਿਕਤਾ ਦੇ ਸੰਕਲਪ ਨੂੰ ਸਪੱਸ਼ਟ ਕਰੋ।

(ਸ) ਸੁਹਾਗ ਅਤੇ ਘੋੜੀਆਂ ਵਿਚ ਕੀ ਮੂਲ ਅੰਤਰ ਹੈ ?

(ਹ) ਲੋਕ ਸਾਹਿਤ ਦੀ ਕੋਈ ਇਕ ਵਿਸ਼ੇਸ਼ਤਾ ਦੱਸੋ।

(ਕ) 'ਦੰਤ ਕਥਾ' ਦਾ ਮੂਲ ਆਧਾਰ ਕੀ ਹੁੰਦਾ ਹੈ ?

Digitized by KMV College Library, Jalandhar

(ਖ) ਮੌਤ ਨਾਲ ਸੰਬੰਧਿਤ ਦੋ ਰਹੁ-ਰੀਤਾਂ ਦਾ ਵਰਣਨ ਕਰੋ।

(ਗ) ਦਿਨਾਂ ਨਾਲ ਸੰਬੰਧਿਤ ਕੋਈ ਦੋ ਲੋਕ ਵਿਸ਼ਵਾਸ ਦੱਸੋ।

(ਘ) ਲੋਕ ਚਿਤਰਕਾਰੀ ਦੀ ਪਰਿਭਾਸ਼ਾ ਦਿਓ।

(ਙ) ਪੰਜਾਬੀ ਲੋਕ ਨਾਚ ਝੂਮਰ ਦੀ ਕੋਈ ਇਕ ਵਿਸ਼ੇਸ਼ਤਾ ਦੱਸੋ।

8x2=16

(ਭਾਗ – ਅ)

ਪ੍ਰਸ਼ਨ 2. ਲੋਕਧਾਰਾ ਦੀ ਪਰਿਭਾਸ਼ਾ ਦੇ ਕੇ ਇਸ ਦਾ ਵਰਗੀਕਰਨ ਕਰੋ।

(ਜਾਂ)

'ਲੋਕਧਾਰਾ ਸਿਰਫ਼ ਪਰੰਪਰਾ ਹੀ ਨਹੀਂ ਹੁੰਦੀ' ਇਸ ਕਥਨ ਦੇ ਆਧਾਰ 'ਤੇ ਲੋਕਧਾਰਾ ਦੇ ਆਧੁਨਿਕ ਸਰੂਪ ਬਾਰੇ ਵਿਚਾਰ ਕਰੋ। 12

(ਭਾਗ – ੲ)

ਪ੍ਰਸ਼ਨ 3. ਵਿਆਹ ਨਾਲ ਸੰਬੰਧਿਤ ਲੋਕ ਕਾਵਿ ਰੂਪ ਵੰਨਗੀਆਂ ਉੱਪਰ ਨੋਟ ਲਿਖੋ 12

(ਜਾਂ)

ਮਿੱਥ ਨੂੰ ਪਰਿਭਾਸ਼ਤ ਕਰਦੇ ਹੋਏ ਮਿੱਥ ਕਥਾ ਦਾ ਸਰੂਪ ਨਿਸ਼ਚਤ ਕਰੋ।

(ਭਾਗ – ਸ)

ਪ੍ਰਸ਼ਨ . 4 'ਲੋਕ ਵਿਸ਼ਵਾਸ ਧਰਮ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ'। ਕਥਨ ਦੇ ਆਧਾਰ 'ਤੇ ਲੋਕ ਵਿਸ਼ਵਾਸ ਅਤੇ ਲੋਕਧਰਮ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕਰੋ। 12



(ਜਾਂ)

ਜਨਮ ਨਾਲ ਸੰਬੰਧਿਤ ਰਹੁ-ਰੀਤਾਂ ਦਾ ਸਮਾਜ ਸਭਿਆਚਾਰ ਅਧਿਐਨ ਕਰੋ।

(ਭਾਗ – ਹ)

ਪ੍ਰਸ਼ਨ 5. ਲੋਕ ਨਾਟ ਦੇ ਵਿਭਿੰਨ ਰੂਪਾਂ ਬਾਰੇ ਜਾਣਕਾਰੀ ਦਿਓ।

(ਜਾਂ)

'ਕਸੀਦਾਕਾਰੀ' ਰਾਹੀਂ ਔਰਤ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਹੁੰਦੀ ਹੈ।' ਕਥਨ ਦੇ ਆਧਾਰ 'ਤੇ ਕਸੀਦਾਦਾਰੀ ਦਾ ਵਿਸ਼ਲੇਸ਼ਣ ਕਰੋ। 12



17-8-12-(2)

Digitized by KMV College Library, Jalandhar

ਕੰਨਿਆ ਮਹਾ ਵਿਦਿਆਲਯ ਪੁਸਤਕਾਲਯ
ਜਾਲੰਧਰ ਸ਼ਹਿਰ

**Exam Code: 216501** **Paper Code: 8272 (30)**

Programme: M.A. (Punjabi) Sem-I

**Course Title: Tulnaatmak Bharti Sahit : Sidhant Te Vihar**

Course Code: MPBL-1425

**Time Allowed: 3 Hours** **Max Marks: 64**

ਪ੍ਰਸ਼ਨ ਪੱਤਰ ਦੇ ਪੰਜ ਭਾਗ ਹਨ। ਭਾਗ ਪਹਿਲਾ ਵਿੱਚ ਛੋਟੇ ਉਤਰਾਂ ਵਾਲੇ 10 ਪ੍ਰਸ਼ਨ ਪੁੱਛੇ ਗਏ ਹਨ। ਇਹਨਾਂ ਵਿੱਚੋਂ 8 ਪ੍ਰਸ਼ਨਾਂ ਦਾ ਉੱਤਰ ਦੇਣਾ ਲਾਜ਼ਮੀ ਹੈ। ਹਰ ਪ੍ਰਸ਼ਨ ਦੇ ਦੋ ਅੰਕ ਹਨ। ਭਾਗ ਦੂਜਾ, ਤੀਜਾ, ਚੌਥਾ ਅਤੇ ਪੰਜਵਾ ਵਿੱਚ ਦੋ ਪ੍ਰਸ਼ਨ ਪੁੱਛੇ ਗਏ ਹਨ। ਇਹਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਦੇਣਾ ਲਾਜ਼ਮੀ ਹੈ। ਇਸ ਭਾਗ ਵਿੱਚ ਹਰ ਪ੍ਰਸ਼ਨ ਬਾਰ੍ਹਾਂ ਅੰਕ ਦਾ ਹੈ।

## ਭਾਗ–1

1.

- ਤੁਲਨਾਤਮਕ ਸਾਹਿਤ : ਸਿਧਾਂਤ ਅਤੇ ਵਿਹਾਰ ਪੁਸਤਕ ਦਾ ਨਾਂ ਲਿਖੋ।
- ਸਾਹਿਤਕ ਅਨੁਵਾਦ ਤੋਂ ਕੀ ਭਾਵ ਹੈ?
- ਨਾਨਕ ਸਿੰਘ ਦੇ ਨਾਵਲ 'ਅੱਗ ਦੀ ਖੇਡ' ਦੇ ਸਿਰਲੇਖ ਬਾਰੇ ਪੰਜ ਸਤਰਾਂ ਲਿਖੋ।
- ਭੀਸ਼ਮ ਸਾਹਨੀ ਦੇ ਨਾਵਲ 'ਤਸਮ' ਦਾ ਥੀਮ ਲਿਖੋ।
- ਲਕਸ਼ਮੀ ਨਾਰਾਇਣ ਦੇ ਨਾਟਕ 'ਅਬਦੁੱਲਾ ਦੀਵਾਨਾ' ਦੇ ਸਿਰਲੇਖ ਬਾਰੇ ਪੰਜ ਸਤਰਾਂ ਲਿਖੋ।
- ਸੁਰਜੀਤ ਸਿੰਘ ਸੇਠੀ ਦੇ ਦੋ ਨਾਟਕਾਂ ਦੇ ਨਾਂ ਲਿਖੋ।

Digitized by KMV College Library, Jalandhar

- ਪੰਜਬੀ ਸਾਹਿਤ ਉੱਤੇ ਉਰਦੂ ਸਾਹਿਤ ਦੇ ਦੋ ਪ੍ਰਭਾਵ ਲਿਖੋ।
- ਪੰਜਾਬੀ ਭਾਸ਼ਾ ਉੱਤੇ ਅੰਗ੍ਰੇਜ਼ੀ ਭਾਸ਼ਾ ਦੇ ਦੋ ਪ੍ਰਭਾਵ ਲਿਖੋ।
- ਸੁਰਜੀਤ ਸਿੰਘ ਸੇਠੀ ਦੇ ਨਾਟਕ 'ਕਿੰਗ, ਮਿਰਜ਼ਾ ਤੇ ਸਪੇਰਾ' ਦੇ ਸਿਰਲੇਖ ਤੇ ਟਿੱਪਣੀ ਕਰੋ।
- ਭੀਸ਼ਮ ਸਾਹਨੀ ਦੇ ਨਾਵਲ 'ਤਸਮ' ਦੇ ਚਾਰ ਪਾਤਰਾਂ ਦੇ ਨਾਂ ਲਿਖੋ। 8x2=16

### ਭਾਗ–2

2. ਅਨੁਵਾਦ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਕਿਸਮਾਂ ਤੇ ਨੋਟ ਲਿਖੋ।

ਜਾਂ

ਸਾਹਿਤਕ ਅਨੁਵਾਦ ਦੀਆਂ ਸਮੱਸਿਆਵਾਂ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ। 12

### ਭਾਗ–3

3. ਪੰਜਾਬੀ ਸਾਹਿਤ ਉੱਤੇ ਪੱਛਮੀ ਸਾਹਿਤ ਦੇ ਪ੍ਰਭਾਵ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ।

ਜਾਂ

ਪੰਜਾਬੀ ਸਾਹਿਤ ਉੱਤੇ ਹਿੰਦੀ ਸਾਹਿਤ ਦੇ ਪ੍ਰਭਾਵ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ। 12

### ਭਾਗ–4



4. ਨਾਨਕ ਸਿੰਘ ਦੇ ਨਾਵਲ 'ਅੱਗ ਦੀ ਖੇਡ' ਦਾ ਥੀਮਿਕ ਅਧਿਐਨ ਪ੍ਰਸਤੁਤ ਕਰੋ।

ਜਾਂ

5. ਭੀਸ਼ਮ ਸਾਹਨੀ ਦੇ ਨਾਵਲ 'ਤਸਮ' ਦੀਆਂ ਬਿਰਤਾਂਤਕ ਜੁਗਤਾਂ ਤੇ ਨੋਟ ਲਿਖੋ। 12

### ਭਾਗ–5

6. ਸੁਰਜੀਤ ਸਿੰਘ ਸੇਠੀ ਦੇ ਜੀਵਨ ਤੇ ਰਚਨਾ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ।

ਜਾਂ

7. 'ਅਬਦੁੱਲਾ ਦੀਵਾਨਾ' ਨਾਟਕ ਦੇ ਆਧਾਰ ਤੇ ਲਕਸ਼ਮੀ ਨਰਾਇਣ ਦੀ ਨਾਟਕ ਕਲਾ ਤੇ ਨੋਟ ਲਿਖੋ। 12